AQA

# AS
# PANJABI
## Unit 1 Reading and Writing

# Insert

Text to be used when answering Section 1

Text for use with **Section 1**

(ੳ)

## ਨਵੀਂ ਪੀੜ੍ਹੀ ਲਈ ਮਾਰੂ ਨਸ਼ੇ

ਨਸ਼ੇ ਸ਼ੈਤਾਨ ਦੀ ਕਾਢ ਹਨ। ਪੁਰਾਣੇ ਸਮੇਂ ਵਿੱਚ ਬੇਈਮਾਨ ਲੋਕ ਆਪਣੇ ਵਿਰੋਧੀਆਂ ਨੂੰ ਕਮਜ਼ੋਰ ਕਰਨ ਲਈ ਉਨ੍ਹਾਂ ਦੇ ਬੱਚਿਆਂ ਨੂੰ ਨਸ਼ੇ ਦੀ ਆਦਤ ਪਾਉਂਦੇ ਸਨ। ਪਰ ਅੱਜ ਕੱਲ੍ਹ ਦੇ ਨੌਜਵਾਨ ਤਾਂ ਖੁਦ ਨਸ਼ਿਆਂ ਦੇ ਗੁਲਾਮ ਬਣ ਰਹੇ ਹਨ ਅਤੇ ਕਈ ਤਾਂ ਮਹਿੰਗੇ ਨਸ਼ੇ ਕਰਨਾ ਸਮਾਜ ਵਿੱਚ ਉੱਚਾ ਰੁਤਬਾ ਸਮਝਦੇ ਹਨ। ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗ ਰਿਹਾ ਹੈ ਅਤੇ ਇਹ ਪੰਜਾਬ ਦਾ ਬੇੜਾ ਡੋਬ ਦੇਵੇਗਾ।

ਪੰਜਾਬੀਆਂ ਦੀ ਜੀਵਨ-ਸ਼ੈਲੀ ਵਿੱਚਲੀਆਂ ਕੁਝ ਕਮੀਆਂ ਨਸ਼ਾਖੋਰੀ ਵਧਣ ਵਿੱਚ ਹਿੱਸਾ ਪਾਉਂਦੀਆਂ ਹਨ। ਪਰਿਵਾਰ ਵਿੱਚ ਮਹਿਮਾਨਾਂ ਦੀ ਸੇਵਾ ਲਈ ਵਰਤੀ ਜਾਣ ਵਾਲੀ ਸ਼ਰਾਬ ਨੌਜਵਾਨਾਂ ਨੂੰ ਇਹ ਸੰਦੇਸ਼ ਦਿੰਦੀ ਹੈ ਕਿ ਸ਼ਰਾਬ ਇੱਕ ਖਾਸ ਚੀਜ਼ ਹੈ। ਕੁਝ ਲੋਕ ਤਾਂ ਚਾਅ ਨਾਲ ਨੌਜਵਾਨਾਂ ਨੂੰ ਨਾਲ ਬਿਠਾ ਕੇ ਪਿਲਾਉਂਦੇ ਹਨ ਤੇ ਨਤੀਜਾ – ਨੌਜਵਾਨ ਸ਼ਰਾਬ ਦੇ ਆਦੀ ਅਤੇ ਨਸ਼ਿਆਂ ਦਾ ਦੌਰ ਸ਼ੁਰੂ।

ਇੱਕ ਸਰਵੇਖਣ ਅਨੁਸਾਰ ਸਾਰੇ ਸੰਸਾਰ ਵਿੱਚ ਸੰਨ 2000 ਤੋਂ ਬਾਅਦ ਨੌਜਵਾਨਾਂ ਵਿੱਚ ਸ਼ਰਾਬ ਪੀਣ ਦਾ ਰੁਝਾਨ ਵਧਿਆ ਹੈ ਪਰ ਪੰਜਾਬੀ ਤਾਂ ਸਾਰਿਆਂ ਨੂੰ ਮਾਤ ਕਰ ਗਏ। ਪੰਜਾਬ ਵਿੱਚ ਹਰ ਸਾਲ ਪਝੱਤਰ ਸੌ ਕਰੋੜ ਰੁਪਏ ਦੀ ਸ਼ਰਾਬ ਅਤੇ ਹੋਰ ਨਸ਼ੇ ਵਿਕਦੇ ਹਨ।

ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਸ਼ਰਾਬ ਦਾ ਤਿਆਗ ਕਰਨ ਅਤੇ ਆਪਣੇ ਬੱਚਿਆਂ ਦੇ ਦੋਸਤਾਂ ਤੇ ਉਨ੍ਹਾਂ ਦੀਆਂ ਆਦਤਾਂ ਬਾਰੇ ਜਾਣਕਾਰੀ ਰੱਖਣ। ਵਿੱਦਿਅਕ ਅਦਾਰੇ ਹੋਸਟਲਾਂ ਦੀ ਨਿਗਰਾਨੀ ਵਿੱਚ ਸੁਧਾਰ ਕਰਕੇ ਨਸ਼ਿਆਂ ਦੀ ਰੋਕਥਾਮ ਲਈ ਕਦਮ ਚੁੱਕਣ। ਸਮਾਜ ਵਲੋਂ ਗੀਤਾਂ ਵਿੱਚ ਨਸ਼ਿਆਂ ਦੀ ਪ੍ਰਦਰਸ਼ਨੀ ਦਾ ਅਤੇ ਨਸ਼ੇ ਦੇ ਸੌਦਾਗਰਾਂ ਦਾ ਪੂਰਾ ਬਾਈਕਾਟ ਕੀਤਾ ਜਾਵੇ।

Text for use with **Section 1**

**(ਅ)**

## ਔਰਤ ਦੀ ਸੁਰੱਖਿਆ

ਇੱਕੀਵੀਂ ਸਦੀ ਵਿੱਚ ਵੀ ਔਰਤ ਦੀ ਸੁਰੱਖਿਆ ਸ਼ੱਕ ਦੇ ਘੇਰੇ ਵਿੱਚ ਹੈ। ਅਸੁਰੱਖਿਅਤਾ ਦੀ ਸ਼ੁਰੂਆਤ ਜਨਮ ਤੋਂ ਪਹਿਲਾਂ ਹੋ ਜਾਂਦੀ ਹੈ ਤੇ ਔਰਤ ਸਾਰੀ ਉਮਰ ਇਸ ਡਰ ਦੀ ਛਾਂ ਵਿੱਚ ਹੀ ਰਹਿੰਦੀ ਹੈ।

ਮੌਜੂਦਾ ਘਟਨਾਵਾਂ ਦੀ ਰੌਸ਼ਨੀ ਵਿੱਚ ਪੰਜਾਬ ਸਰਕਾਰ ਦੇ ਆਦੇਸ਼ਾਂ ਦੇ ਬਾਵਜੂਦ ਵੀ ਬੱਸ ਕੰਪਨੀਆਂ ਵਲੋਂ ਔਰਤਾਂ ਦੀ ਸੁਰੱਖਿਆ ਲਈ ਬੱਸਾਂ ਵਿੱਚ ਕੈਮਰੇ ਨਹੀਂ ਲੱਗੇ ਅਤੇ ਨਾ ਹੀ ਸਟਾਫ ਦੀ ਨਾਂ ਲਿਖੀ ਪਲੇਟ ਵਾਲੀ ਵਰਦੀ ਤੇ ਅਮਲ ਹੋਇਆ। ਕਾਲੇ ਸ਼ੀਸ਼ਿਆਂ ਦੀ ਜਗ੍ਹਾ ਪਾਰਦਰਸ਼ੀ ਸ਼ੀਸ਼ੇ ਅਜੇ ਵੀ ਬੱਸਾਂ ਵਿੱਚ ਨਹੀਂ ਲੱਗੇ।

ਲਗਦਾ ਹੈ ਆਪ ਹੀ ਕੁਝ ਕਰਨਾ ਪੈਣਾ ਹੈ। ਆਓ, ਆਪਣੇ ਬਜ਼ੁਰਗਾਂ ਦੀ ਰੀਤ ਤੇ ਚਲਦੇ ਹੋਏ ਧੀਆਂ-ਭੈਣਾਂ ਦੀ ਇੱਜ਼ਤ ਦੀ ਰਾਖੀ ਲਈ ਕਦਮ ਚੁੱਕੀਏ। ਧੀਆਂ-ਭੈਣਾਂ ਵੀ ਚਰਿੱਤਰ ਨੂੰ ਉੱਚਾ ਰੱਖ ਕੇ ਹਰ ਚੁਣੌਤੀ ਦਾ ਮੁਕਾਬਲਾ ਕਰਨ ਤਾਂ ਹੀ ਸਾਰੀਆਂ ਵਧੀਕੀਆਂ ਦਾ ਅੰਤ ਹੋ ਸਕਦਾ ਹੈ।

**There is no text printed on this page**

**Copyright information**

For confidentiality purposes, from the November 2015 examination series, acknowledgements of third party copyright material will be published in a separate booklet rather than including them on the examination paper or support materials. This booklet is published after each examination series and is available for free download from www.aqa.org.uk after the live examination series.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team, AQA, Stag Hill House, Guildford, GU2 7XJ.

Copyright © 2018 AQA and its licensors. All rights reserved.